M T W T F S S
Page No.:
Date:
MANNAT

# ਅਗਨੀ ਕੁੰਡ: ਰੰਗਮੰਚੀ ਦ੍ਰਿਸ਼ਟੀ ਅਤੇ ਨਾਟ-ਜੁਗਤਾਂ

ਮਹਿੰਦਰਬੀਰ ਇਸ ਸਮੇਂ ਪੰਜਾਬੀ ਨਾਟਕਕਾਰੀ ਵਿੱਚ ਇੱਕ ਚਰਚਿਤ ਨਾਮ ਹੈ। ਉਸ ਨੇ ਪੰਜਾਬੀ ਨਾਟਕ ਨੂੰ ਭਾਰਤੀ ਮਿਥਿਹਾਸ ਅਤੇ ਇਤਿਹਾਸ ਨਾਲ ਜੋੜ ਕੇ ਇਸ ਦਾ ਵਿਸ਼ੈਗਤ ਕੈਨਵਸ ਵਿਸ਼ਾਲ ਕੀਤਾ ਹੈ। ਉਸ ਦੇ ਸਾਰੇ ਨਾਟਕ ਮੰਚ ਉੱਤੇ ਸਫਲਤਾ ਨਾਲ ਪੇਸ਼ ਹੋ ਚੁੱਕੇ ਹਨ। ਇਨ੍ਹਾਂ ਵਿੱਚ ਯਕਸ਼ ਗੁਰੂ, ਵਿਸ਼ਨੂ, ਮੇਦਨੀ, ਸ਼ਾਇਰੀ, ਹਵ, ਚੱਕਰ ਅਤੇ ਅਗਨੀਕੁੰਡ ਦੀਆਂ ਪੇਸ਼ਕਾਰੀਆਂ ਜ਼ਿਕਰਯੋਗ ਹਨ। ਨਾਟਕ 'ਮੱਸਿਆ ਦੀ ਰਾਤ' ਲਈ ਉਸਨੂੰ ਸਾਹਿਤ ਅਕਾਦਮੀ ਸਨਮਾਨ 2016 ਮਿਲਿਆ ਹੈ। ਉਸਦੇ ਨਾਟਕ, ਸੰਰਚਨ ਪੱਖੋਂ ਕਲਾਸਿਕ ਦੇ ਨੇੜੇ ਹਨ ਕਿਉਂਕਿ ਉਸ ਨੇ ਇਨ੍ਹਾਂ ਨਾਟ-ਰੰਗ ਜੁਗਤਾਂ ਅਤੇ ਤੱਤਾਂ ਦੀ ਭਰਪੂਰ ਵਰਤੋਂ ਕੀਤੀ ਹੈ। ਉਸ ਦੀ ਨਾਟ ਸੰਰਚਨਾ ਜਟਿਲ ਅਤੇ ਪ੍ਰਯੋਗਾਤਮਕ ਹੈ ਕਿਉਂਕਿ ਉਹ ਇਕ ਹੀ ਦ੍ਰਿਸ਼ ਵਿੱਚ ਨਾਟਕੀ ਤੱਤਾਂ ਅਤੇ ਜੁਗਤਾਂ ਜਿਵੇਂ ਸੰਵਾਦ, ਪਿਰਤਾਂਤ, ਗੀਤ, ਮੁੱਖੀ ਕੋਰਸ, ਸੰਗੀਤ, ਪਿੱਠ ਭੂਮੀ ਗਾਇਨ ਅਤੇ ਸੂਤਰਧਾਰ ਆਦਿ ਦੀ ਵਰਤੋਂ ਕਰਦਾ ਹੈ। ਇਸ ਨਾਲ ਪੰਜਾਬੀ ਨਾਟਕ ਰਵਾਇਤੀ ਸੰਰਚਨਾ ਦੇ ਦਾਇਰੇ ਵਿੱਚੋਂ ਬਾਹਰ ਨਿਕਲਿਆ ਹੈ। ਇਹ ਰੁਝਾਨ ਪੰਜਾਬੀ ਨਾਟ ਸ਼ਾਸਤਰ ਦੇ ਵਿਕਾਸ ਦਾ ਸੂਚਕ ਹੈ। ਵਿਸ਼ੇ-ਵਸਤੂ ਲਈ ਭਾਰਤੀ ਸਨਾਤਨੀ ਅਤੇ ਇਤਿਹਾਸਕ ਸ੍ਰੋਤ ਉਸ ਦੇ ਅਧਿਐਨ ਦਾ ਕੇਂਦਰ ਬਿੰਦੂ ਹਨ। ਨਾਟ ਲੇਖਨ ਲਈ ਉਹ ਮੁੱਖ ਤੌਰ ਤੇ ਭਾਰਤੀ ਨਾਟ ਪਰੰਪਰਾ ਦਾ ਅਨੁਸਰਣ ਕਰਦਾ ਹੈ।

ਸੰਸਕ੍ਰਿਤ ਵਿੱਚ ਕਥਾ ਤਿੰਨ ਪ੍ਰਕਾਰ ਦੀ ਹੁੰਦੀ ਹੈ - ਪ੍ਰਖਿਆਤ (ਮਿਥਿਹਾਸ ਅਤੇ ਇਤਿਹਾਸ), ਉਤਪਾਦਯ (ਕਵੀ ਕਲਪਿਤ) ਅਤੇ ਮਿਸ਼ਰਿਤ (ਪ੍ਰਖਯਾਤ ਅਤੇ ਉਤਪਾਦਯ) ਅਗਨੀ ਕੁੰਡ ਦੀ ਮੁੱਖ ਕਥਾ/ਵਿਸ਼ੇ ਵਸਤੂ ਲੋਕ ਕਥਾ ਅਤੇ ਮਿਥਿਹਾਸ ਵਿੱਚੋਂ ਲਿਆ ਗਿਆ ਹੈ।

ਪਿਰਤਾਂਤ ਨੂੰ ਅੰਕਾਂ ਵਿੱਚ ਵੰਡਿਆਂ ਗਿਆ ਹੈ। ਹਰ ਅੰਕ ਅੱਗੇ ਦ੍ਰਿਸ਼ਾਂ ਵਿੱਚ ਵੰਡਿਆ ਗਿਆ। ਪਹਿਲੇ ਅੰਕ ਵਿਚ ਤਿੰਨ, ਦੂਜੇ ਅੰਕ ਵਿਚ ਚਾਰ, ਤੀਜੇ ਅੰਕ ਵਿਚ ਚਾਰ, ਚੌਥੇ ਅੰਕ ਵਿਚ ਦੋ ਪੰਜਵੇਂ ਅੰਕ ਵਿਚ ਚਾਰ ਅਤੇ ਛੇਵੇਂ ਅੰਕ ਵਿੱਚ ਸੱਤ ਦ੍ਰਿਸ਼ਾਂ ਦੀ

(2)

ਕੀਤੀ ਗਈ ਹੈ। ਆਖਿਰ ਵਿੱਚ ਉਪਸੰਹਾਰ। ਅਤੇ ਕੁ ਦੀ ਵੀ ਯੋਜਨਾ ਕੀਤੀ ਗਈ ਹੈ। ਉਪਸੰਹਾਰਾਂ ਵਿੱਚ ਨਾਟਕਕਾਰ ਆਪਣੇ ਨਾਟ ਪ੍ਰਯੋਜਨ (Dramatic objective), ਸਮੱਸਿਆ (Problem) ਅਤੇ ਸਮਾਧਾਨ (Resolution) ਨੂੰ ਪਾਠਕ ਦੇ ਰੂਬਰੂ ਕਰਦਾ ਹੈ।

ਇਸ ਕਥਾ ਵਿੱਚ ਨਾਗ ਧਨ-ਧਾਤੀ ਅਤੇ ਪਾਤਾਲ ਰਾਜ ਦੇ ਪ੍ਰਤੀਕ ਹਨ। ਨਾਟਕਕਾਰ ਮੁੱਖ ਰੂਪ ਵਿੱਚ ਇਸ ਕਥਾ ਰਾਹੀਂ ਬ੍ਰਾਹਮਣਵਾਦੀ ਸੱਤਾ ਦੀ ਵਿਸਥਾਰ ਦੀ ਰਾਜਨੀਤੀ ਨੂੰ ਸੰਬੋਧਨ ਕਰਦਾ ਹੈ। ਨਾਟਕ 'ਅਗਨੀ ਕੁੰਡ' ਵਿੱਚ ਭੂਗੋਲਿਕ ਸਥਿਤੀ ਦੇ ਵਿਸਤਾਰ ਹੇਤੂ ਦੋ ਵੱਖ-ਵੱਖ ਸੱਭਿਆਚਾਰਾਂ ਦੇ ਟਕਰਾਅ ਅਤੇ ਸੰਘਰਸ਼ ਨੂੰ ਦ੍ਰਿਸ਼ਮਾਨ ਕੀਤਾ ਗਿਆ ਹੈ।

ਆਰੀਅਨ ਭਾਰਤੀ ਸਮਾਜ ਉੱਪਰ ਮੁੱਖ ਸ਼ਕਤੀ ਉੱਪਰ ਜਿੱਤ ਪ੍ਰਾਪਤ ਕਰਨ ਅਤੇ ਇਨ੍ਹਾਂ ਦੀ ਸਮਾਜਿਕ ਅਤੇ ਰਾਜਨੀਤਕ ਸਥਿਤੀ ਨੂੰ ਆਤਮਸਾਤ ਕਰ ਲੈਣ ਤੋਂ ਬਾਅਦ ਆਪਣੇ ਰਾਜ ਦੇ ਵਿਸਥਾਰ ਲਈ ਛੋਟੇ-ਛੋਟੇ ਕਬਾਇਲੀ ਸਮੂਹਾਂ ਦੀ ਪਛਾਣ ਅਤੇ ਕੁਦਰਤੀ ਖਜ਼ਾਨੇ ਖੋਹ ਲੈਣ ਦੇ ਰਾਹ ਤੇ ਤੁਰੇ ਸਨ, ਜੋ ਇਥੋਂ ਤੱਕ ਆਜ਼ਾਦ ਵਿਚਰਦੇ ਚੱਲੇ ਆ ਰਹੇ ਸਨ। ਇਸ ਦਾ ਸਮਾਧਾਨ ਨਾਟਕਕਾਰ 'ਸ਼ਾਂਤ ਪ੍ਰਤੀਰੋਧ' ਵਿੱਚ ਵੇਖਦਾ ਹੈ। ਇਸ ਸੰਬੰਧੀ ਇਸ ਦਾ ਸਪੱਸ਼ਟ ਰੂਪ ਵਿੱਚ ਲਿਖੇ ਉਪਸੰਹਾਰ। ਦੇ ਅੰਤਰਗਤ ਲਿਖਿਆ ਆਸਤੀਕ ਦਾ ਇਹ ਸੰਵਾਦ ਕਥਨ ਵੇਖਿਆ ਜਾ ਸਕਦਾ ਹੈ:

ਆਸਤੀਕ: ਅਸੀਂ ਨਾਗ ਲੋਕ ਆਂ ਰਾਜਨ... ਅਸੀਂ ਆਪਣੀਆਂ ਧਰਤੀਆਂ 'ਤੇ ਕਬਜ਼ਾ ਨਹੀਂ ਹੋਣ ਦਿਆਂਗੇ...। ਨਹੀਂ ਹੋਣ ਦਿਆਂਗੇ ਆਪਣੀਆਂ ਧਰਤੀਆਂ ਦੇ ਖਜ਼ਾਨਿਆਂ ਦੀ ਲੁੱਟ!... ਨਾਗ ਅਜਗਰੀ ਰਾਜਨ...। ਪਰ ਇਹ ਨਾਗ ਧਰਤੀਆਂ 'ਤੇ ਤੁਹਾਡਾ ਕਬਜ਼ਾ ਨਹੀਂ ਹੋਣ ਦੇਣਗੇ....। ਨਹੀਂ ਹੋਣ ਦੇਣਗੇ ਫਣ-ਵਿਹੁ ਧਾਤ 'ਤੇ ਤੁਹਾਡਾ ਕਬਜ਼ਾ! ਬਿਰਖ, ਧਾਤ, ਧਰਤੀ... ਜਿੰਨੇ ਤੁਹਾਡੇ ਨੇ, ਇਸ ਤੋਂ ਵੀ ਜ਼ਿਆਦਾ ਸਾਡੇ ਨੇ। ਤੇ ਜੇ ਤੁਸੀਂ

(3)

ਅਗਨੀ-ਰੇਖ ਭਸਾਇਆ ਦੇ ਰਾਜਨ ਤਾਂ ਅਸੀਂ ਵੀ
ਅਗਨੀ-ਰੇਖ ਭਸਾ ਵਾਂਗੇ।[3]

ਨਿਸਲ ਦਾ ਪੁੱਤਰ ਜਨਮੇਜਾ ਜਿਵੇਂ ਹੀ ਪਾਠ ਵਿੱਚ ਪ੍ਰਵੇਸ਼ ਕਰਦਾ ਹੈ, ਪਾਠ ਉਸ ਦੀ ਨਾਗ ਪਛਾਣ ਕਾਰਨ ਵਿਰਾਸੀ ਹੀਣਭਾਵਨਾ ਅਤੇ ਆਰੀਅਨਾਂ ਵਾਂਗ ਮਹਾਨ ਬਣਨ ਦੀ ਇੱਛਾ ਤੱਕ ਸੀਮਿਤ ਹੋ ਕੇ ਰਹਿ ਜਾਂਦਾ ਹੈ। ਜਨਮੇਜਾ ਅੰਦਰ ਆਪਣੀ ਨਾਗ ਪਛਾਣ ਕਰਕੇ ਹੀਣ ਭਾਵਨਾ ਡੂੰਘੀ ਘਰ ਕਰ ਜਾਂਦੀ ਹੈ। ਇਸ ਦੇ ਨਾਲ ਹੀ ਉਸ ਲਈ 'ਪਤਨੀ ਮਹਾਨਤ ਅਤੇ ਗਰਿਮਾ' ਦੀ ਇੱਛ ਨਾਸੂਰ ਬਣ ਜਾਂਦੀ ਹੈ।
ਉਹ ਆਪਣੀ ਅਸਤਿਤਵੀ ਪਛਾਣ ਦੇ ਮਨੋਵਿਗਿਆਨਕ ਸੰਘਰਸ਼ ਵਿੱਚ ਇੰਨਾ ਫਸਿਆ ਹੋ ਜਾਂਦਾ ਹੈ ਕਿ ਅੰਤ ਵਿੱਚ ਉਸਨੂੰ ਆਪਣੇ ਆਪ ਨੂੰ ਆਰੀਅਨ ਅਤੇ ਮਹਾਨ ਸਿੱਧ ਕਰਨ ਦਾ ਇਕੋ ਰਸਤਾ 'ਯੁੱਧ' ਹੀ ਨਜ਼ਰ ਆਉਂਦਾ ਹੈ।

ਜਨਮੇਜਾ :- ਕੀ ਕਰਾਂ, ਮਾਂ! ਕੀ ਕਰਾਂ ਮੈਂ?
ਹਰ ਪਾਸੇ ਨੀਰਸ ਚੁੱਪ, ਕਿਵੇਂ ਜਰਾਂ ਮੈਂ?
ਹੋਵਾ ਬਾਗਾਂ, ਪਿਤਾ ਦੀ ਤਰ੍ਹਾਂ
ਮਹਾਨ ਤੇ ਬਲਵਾਨ
ਯੁੱਧ ਹੀ ਦੇ ਸਕੇ ਮੱਨੁਖ ਨੂੰ ਗੌਰਵ
ਤੁਰ ਲਈ ਇਹ ਰਹਾ ਮੈਂ!
ਹੁਣ ਦੇਸੇ ਮੈਂ ਚੱਲਦਾ ਪੈਂਦਾ
ਏਹੀ ਮੇਰੀ ਤੇਈ
ਭਾਵੀ ਮੇਰੀ ਹੋਈ!

• ਨਾਟਕ 'ਚ ਉਸ ਦੇ ਇਸ ਯੁੱਧ ਦਾ ਕਾਰਨ ਰਾਜਨੀਤਿਕ, ਕੁਦਰਤੀ ਸਰੋਤਾਂ 'ਤੇ ਸੱਭਿਅਤਾ ਵਲੋਂ ਕੀਤੇ ਜਾਂਦੇ ਕਬਜ਼ਿਆਂ ਅਤੇ ਰਿਆਸਤਾਂ ਦੇ ਵਿਸਥਾਰ ਦੀ ਬਜਾਏ ਨਿਜੀ ਹੀਣ-ਭਾਵਨਾ ਦੀ ਮੁੱਖ ਸੁਰ ਬਣ ਜਾਂਦਾ ਹੈ। ... ਇਹ ਨਾਟਕ ਸਮਾਜ-ਆਰਥਿਕ ਵਿਸਥਾਰ ਦਾ ਸਟੇਟਵਾਦੀ ਰਾਜਨੀਤਿਕ ਪ੍ਰਵਚਨ ਹੋਣ ਦੀ ਬਜਾਏ ਮਨੋਚੇਤਨਾ 'ਚੋਂ ਬਲ ਰਹੇ ਅਗਨੀ ਰੇਖ ਦਾ ਮਨੋਵਿਗਿਆਨਕ ਮੰਡਲ ਬਣ

ਸਤਾਂਸ਼ੀਤਰੀ ਦੁਆਰਾ ਸਨਾਤਨੀ ਵਰਗਾਂ - ਵੀਸ਼ਤਾਂ ਅਨੁਸਾਰ ਚਨਸੇਖਰ ਦੀ ਧਰਮੀ ਪਰਿਭਾਸ਼ਾ ਕਰਨ ਦੀ ਜ਼ਿੰਮੇਵਾਰੀ ਕਲਾਕਾਰੀ ਨਾਲ ਆਪਣੀ ਪੁੱਤਰੀ ਸਾਲਾਹਿਕਾ ਨੂੰ ਦੇ ਦਿੱਤੀ ਗਈ ਹੈ। ਸਤਾਂਸ਼ੀਤਰੀ ਅਤੇ ਸਾਲਾਹਿਕ ਉਸ ਦੀ ਚੁੱਪੀ ਅਤੇ ਆਤਮਾ ਉੱਤੇ ਆਰੀਆਨ ਵਦਕ ਕਰਕੇ, ਇਥੇ ਹਨ। ਧਰਮ ਗੁਰੂ ਉਤੇਰ ਹੀ ਇਸਦੇ ਆਰੀ+ ਆਦੂਤ ਦੀ ਸੰਗਿਆ ਧਾਰਨ ਕਰੀ ਚੰਗਿਆਈਆਂ ਇਸ ਦੇ ਵਿਚਾਰ ਲਈ ਜੁੱਧ ਛਾਸਤੇ ਯੋਗਤ ਕੇਰਦਾ ਹੈ।

ਜਿਸਦੇ ਸਨ ਤੋਂ ਜਿਸਦੇ ਹੋਣ ਕਾਰਨ ਇਸ ਕਟਨੀਤੀ ਨੂੰ ਸਮਝ ਨਹੀਂ ਪਾਉਂਦੀ ਤੇ ਉਸਦਾ ਪੁੱਤਰ ਸਨਾਤਨੀ ਸੰਤਾ ਅਤੇ ਧਰਮ ਦੀ ਵਿਸ਼ਾਖਾਰਾਵੀ ਕੂਟਨੀਤੀ ਦਾ ਇਕ ਮੋਹਰਾ ਬਣ ਗਿਆ ਹੈ। ਇਸ ਸੰਦਰਭ ਵਿਚ ਚਨਸੇਖਰ ਦਾ ਹੇਠਲਾ ਸੰਵਾਦ ਬਹੁਤ ਮਹੱਤਵਪੂਰਨ ਹੈ:

ਚਨਸੇਖਰ :- ਇਹ ਨਰ-ਸੰਹਾਰ ਨਹੀਂ ਹੈ ਆਮਤੌਰ.... ਇਹ ਧਰਮ ਜੁੱਧ ਹੈ.... ਧਰਮ ਜੁੱਧ....। ਤੇ ਇਹ ਅਗਨੀ ਭੇਟ ਧਰਮ ਦਾ ਅਗਨੀ ਭੇਟ ਹੈ.... ਧਰਮ ਦਾ ਅਗਨੀ ਭੇਟ।.... ਤੇ ਧਰਮ ਤੋਂ ਉਪਜੇ ਕਰਮਾਂ ਦਾ ਅਗਨੀ ਭੇਟ। .... ਰਿਸ਼ੀਆਂ ਨੂੰ ਇਹ ਅਗਨੀ ਭੇਟ ਚੜ੍ਹਾਇਆ ਜਾ ਰਿਹਾ ਹੈ।

ਇਸ ਦੇ ਨਾਲ ਹੀ ਇਹ ਕ੍ਰਿਤ ਜੁੱਧ ਦੇ ਵਿਨਾਸ਼ਕਾਰੀ ਪੱਖ ਨੂੰ ਵੀ ਸੰਬੋਧਿਤ ਹੁੰਦੀ ਹੈ। ਨਾਟਕਕਾਰ ਨੇ ਜੁੱਧ ਨੂੰ 'ਨਰ-ਸੰਹਾਰ' ਗਰਦਾਨਿਆ ਹੈ। ਇਸ ਪਿੱਛੇ ਉਸ ਦੀ ਸਮਾਜਵਾਦੀ ਅਤੇ ਮਾਨਵਵਾਦੀ ਸੋਚ ਕਾਰਜਸ਼ੀਲ ਹੈ। ਇਸ ਸੰਬੰਧੀ ਹੇਠ ਲਿਖੇ ਸੰਵਾਦ ਦੇਖੇ ਜਾ ਸਕਦੇ ਹਨ:

ਵਾਸੁਦੇਵੀ : ਜੁੱਧ ਬੜੀ ਅਜੀਬ ਸ਼ੈਅ ਹੈ ਦੇਵੀ!.... ਬੜੀ ਇੱਕ ਪਹਿਲ ਵਾਲੀ! ਜੁੱਧ... ਜੁੱਧ ਕੋਈ ਵੀ ਹੋਵੇ, ਜੁੱਧ ਕੇਵਲ ਪਰਸਮਨ ਤੇ ਫਿਰ ਲਸ਼ਕਰ.... ਇਹ ਬੜਾ ਸੌਖਾ ਹੁੰਦਾ ਹੈ, ਪਰ ਜੋ ਕੁਝ ਜੁੱਧ ਵਿਚ ਤੇ ਜੁੱਧ ਤੋਂ ਬਾਅਦ ਹੁੰਦਾ ਹੈ.... ਇਹ ਬੜਾ ਭਿਆਨਕ ਹੁੰਦਾ ਹੈ..... ਇਸ ਆਦਮੀ ਨੇ ਜੁੱਧਾਂ ਤੋਂ ਬਾਅਦ ਦੀ ਵਿਰਾਨੀ ਵੀ ਦੇਖੀ ਹੈ।

M T W T F S S
Page No.:
Date:
MANNAT



ਬੀਰਸਿੰਘ : ਤੈ ਠੀਕ ਆਖਦੈਂ ਪੰਛੀਆਂ
ਮੈਂ ਜੁੱਧ ਕੀਤੇ ਸ਼ੁਮਾਰ

...

ਮੈਂ ਅੱਗਾਂ ਲਾ ਲਾ ਵੇਖਿਆ
ਇਨ੍ਹਾਂ ਦਾ ਨਾ ਅੰਤ

- - - - - - - - - -

ਮੈਂ ਹੋਰ ਜੁੱਧ ਨਾ ਕਰਨੇ
ਕਰਨਾ ਜੁੱਧ ਦਾ ਅੰਤ

ਨਿਮਨ : ਜੁੱਧ ਹਮੇਸ਼ਾ ਅਧੂਰੀ ਹੁੰਦਾ
ਪੁੱਤਰ ਭਰਾ ਤਰੀਕੇ.... ਬਲੀ ਸਭ ਦੀ ਲੈਂਦਾ
ਪਿਛੇ ਰੋਣ ਵਾਲਾ ਰਹਿ ਜਾਂਦਾ, ਜੀਵਨ ਦਾ ਦੁੱਖ
ਰੋਣ ਜੋਗੀ ਨਾ ਆਸ ਕੋਈ ਵੀ।

ਅਮਤੀਕ :-
ਇਹ ਨਾਗ ਲੋਕਾਂ ਦਾ ਘਾਣ ਹੈ.... ਇਹ ਨਾਗ ਲੋਕਾਂ ਦਾ ਨਰ-ਸੰਹਾਰ ਏ ਰਾਜਨ...! ਨਰ-ਸੰਹਾਰ!

ਉਪਰੋਕਤ ਪ੍ਰਸੰਗ ਵਿਚੋਂ ਹੀ ਇਹ ਸਿਧਾਂਤ ਹੋਰ ਸਪਸ਼ਟ ਕਰਦਾ ਹੈ। ਨਾਟਕਕਾਰ ਸਨਾਤਨੀ ਕਦਰਾਂ-ਕੀਮਤਾਂ, ਪਰੰਪਰਾ, ਰੀਤਿਆਂ, ਜੀਵਨ-ਜਾਚ, ਰਾਜਨੀਤੀ, ਧਰਮ ਅਤੇ ਧਰਮ ਗੁਰੂਆਂ ਉੱਤੇ ਗੰਭੀਰ ਪ੍ਰਸ਼ਨ ਚਿਹਨ ਖੜੇ ਕਰਦਾ ਹੈ। ਅਜਿਹਾ ਕਰਕੇ ਉਹ ਭਾਰਤੀ ਸੋਚ ਵਿਸ ਦਾ 'ਪੁਨਰਮੁਲਾਂਕਣ' ਹੀ ਕਰਦਾ ਹੈ, ਜੋ ਮੁਕਤ ਹੋਣ ਦੀ ਪ੍ਰਕਿਰਿਆਵਾਂ ਵਿਚ ਪਹਿਲਾ ਕਦਮ ਹੁੰਦਾ ਹੈ।

ਸਿਧਾਂਤ ਪਿੱਠ ਭੂਮੀ 'ਚੋਂ ਹੀ ਨਾਟਕ ਦੀ ਪੇਸ਼ਕਾਰੀ ਨਵੀਂ ਦਰਸਾਇਆ ਗਿਆ ਹੈ। ਇਸ ਸੰਬੰਧ ਵਿਚ ਇਕ ਉਦਾਹਰਨ ਵੇਖੀ ਜਾ ਸਕਦੀ ਹੈ। (.... ਪਰਮਾ ਵਾਸੁਕੀ ਨੂੰ ਨਰਾਇਣ ਮੰਨਦੀ ਹੈ। ਨਿਮਨ ਉਸਨੂੰ ਰੋਕਦੀ ਹੈ ਅਤੇ ਆਪ ਪਿਤਾ ਨੂੰ ਨਰਾਇੰਦੀ ਹੈ। ਪਿੱਠ ਭੂਮੀ 'ਚੋਂ ਬੋਲ ਉੱਭਰਦੇ ਹਨ।)

ਲੈ ਕੇ ਪਰੂਛੀ ਧਾਹਨ ਧਾਈ
ਬਾਪੂ ਨੂੰ ਨੀਰ ਸ਼ਾਇਆ

- - - - - - - - - -

(6)

ਸਾਰੀ ਕਾਇਆ ਸੀਰਤ ਉੱਠੀ
ਰੋਗ ਵੀ ਫਿਰ ਹੀ ਛਾਇਆ।

ਇਸ ਪਾਠ ਵਿੱਚ ਨਾਟ-ਸਾਹਿਤ • ਸੂਤਰਧਾਰ, ਗਾਇਕ-ਮੰਡਲੀ, ਬਿਰਤਾਂਤਕ ਸੰਵਾਦ, ਬਿਰਤਾਂਤ, ਅਸਮੂਹਜ, ਸਹਗਤਅਬਧਨ ਆਦਿ ਨਾਟ-ਜੁਗਤਾਂ ਅਤੇ ਤੱਤਾਂ ਦੀ ਪਛਾਣ ਕੀਤੀ ਗਈ ਹੈ। ਕਥਾ ਦੀ ਸ਼ੁਰੂਆਤ ਨਾਟ-ਸਾਹਿਤ ਤੋਂ ਕੀਤੀ ਗਈ ਹੈ।

'ਸੂਤਰਧਾਰ' ਇਕ ਸੰਸਕ੍ਰਿਤ ਨਾਟ-ਜੁਗਤ ਹੈ। ਸੰਸਕ੍ਰਿਤ ਰੂਪਕ ਵਿੱਚ ਆਮ ਤੌਰ ਤੇ ਸੂਤਰਧਾਰ ਵਲੋਂ ਅਤੇ ਕਥਾ ਆਦਿ ਦੀ ਜਾਣਕਾਰੀ ਦਰਸ਼ਕਾਂ ਨੂੰ ਦਿੰਦਾ ਹੈ। ਇਸ ਪਾਠ ਦੇ ਨਾਟ-ਸਾਹਿਤ ਦੇ ਆਖ਼ਰ ਵਿੱਚ ਇਹ ਪਰਦੇ ਦੇ ਪਾਤਰ ਨੂੰ ਮੰਚ ਤੋਂ ਬਾਹਰ ਲੈ ਜਾਂਦਾ ਹੈ ਤੇ ਦਰਸ਼ਕਾਂ ਨੂੰ ਹੇਠ ਲਿਖੇ ਅਨੁਸਾਰ ਸੰਬੋਧਨ ਹੁੰਦਾ ਹੈ:

ਸੂਤਰਧਾਰ: ~~ਲੋਕ~~ ਲੋਕ, ਨਟ ਤੇ ਨਰ ਮੰਚ ਤੋਂ ਬਾਹਰ ਚੱਲਣ (ਇਹਨਾਂ ਵੱਲੋਂ ਵੱਲ ਦੇ ਮੰਚ ਤੋਂ ਪਿੱਛੇ ਚੱਲ ਕੇ ਵਾਪਸ ਆਉਂਦਾ ਤੇ ਨਟ ਨਟੀਆਂ ਨੂੰ ਸੰਬੋਧਿਤ ਹੁੰਦਾ ਹੈ)। ਜਾਂ ਪਈ ਤਿਆਰ ਹੋ ਜਾਓ.... ਅਸੀਂ ਇਸੇ ਨਗਰੀ ਸੁਦਾਇਦ ਚੱਲੀਆਂ... ਨਗਰੀ ਅਨੂਪਮ ਸੁੰਦਰੀ ਦੀ!.... ਨਾਗ ਕੰਨਿਆਂ ਜਿਸਨ ਦੀ!

ਇਸ ਬਿਰਤਾਂਤ ਵਿਚਲੀ 'ਗਾਇਕ ਮੰਡਲੀ' ਲੋਕ ਨਾਟ-ਜੁਗਤ ਹੈ ਜਿਸਦੀ ਇਹ ਕਥਾ ਵਿੱਚ 'ਪ੍ਰਵੇਸ਼' ਕਰਦੀ ਹੈ। ਇਹ ਪਾਤਰਾਂ ਦੀਆਂ ਲੋੜਾਂ ਅਨੁਸਾਰ ਪ੍ਰਵੇਸ਼ ਅਤੇ ਪ੍ਰਸਥਾਨ ਵੀ ਕਰ ਸਕਦੀ ਹੈ। ਇਸ ਵਿੱਚ ਗਾਇਕ ਮੰਡਲੀ ਪਰੰਪਰਾਗਤ ਜੁਗਤ ਵਜੋਂ ਸਾਹਮਣੇ ਆਉਂਦੀ ਹੈ। ਇਹ ਹੇਠ ਲਿਖੇ ਬਿਰਤਾਂਤ ਰਾਹੀਂ ਸੰਕੇਤ ਵਿੱਚ ਅਤੇ ਪਾਤਰ ਦਾ ਇਕ ਅਹਿਮ ਅੰਗ ਬਣ ਜਾਂਦੀ ਹੈ।

ਗਾਇਕ ਮੰਡਲੀ: ਚੰਦ ਸੋਗ ਮਨਾਇਨ, ਚੰਦ ਸੋਗ ਮਨਾਇਨ

ਗਾਇਕ ਮੰਡਲੀ: ਫੱਗਣ ਮਿਲੇ ਨਾ ਪੀ ਕੂ

ਕੀ ਰੋਈ ਦੇ ਗੱਲ

...

ਪਰਦੇ ਛੁਪ ਕਿਉਂ ਰੋਂਦੇ
ਤਰਲੇ ਕਿਉਂ ਵਿਲਕਣ ?

ਨਾਟਯਸ਼ਾਸਤਰ ਵਿਚ ਲਿਖਿਆ ਮਿਲਦਾ ਹੈ। ਜਦੋਂ ਕੋਈ ਪਾਤਰ ਆਪਣੇ ਮਨ ਵਿਚ ਹੀ ਕੋਈ ਗੱਲ ਕਹਿੰਦਾ ਹੈ ਜਿਸਨੂੰ ਰੰਗਮੰਚ ਉੱਤੇ ਉਪਸਥਿਤ ਕੋਈ ਪਾਤਰ ਸੁਣਦਾ ਪ੍ਰਤੀਤ ਨਹੀਂ ਹੁੰਦਾ, ਇਹ ਕਥਨ ਕੇਵਲ ਦਰਸ਼ਕਾਂ ਨੂੰ ਸੁਣਾਉਣ ਦੇ ਮੰਤਵ ਹਿਤ ਕੀਤਾ ਜਾਂਦਾ ਹੈ। ਇਸ ਨੂੰ ਅਸ਼੍ਰਾਵਯ ਕਥਨ ਕਿਹਾ ਜਾਂਦਾ ਹੈ
ਦੂਸਰੇ ਅੰਕ ਦੇ ਦੂਸਰੇ ਦ੍ਰਿਸ਼ ਵਿਚ ਨਿਮਲ ਦਾ ਹੇਠ ਲਿਖਿਆ ਉਦਾਹਰਣ ਦੇਖਿਆ ਜਾ ਸਕਦਾ ਹੈ:

ਨਿਮਲ: ਕੀ ਕਰਾਂ? ਏਡਾ ਵੱਡਾ ਨਿਰਣਾ ਇੰਨੀ ਜਲਦੀ ਕਿਵੇਂ ਲਵਾਂ?.... ਹੋਰ ਕੋਈ ਰਾਹ ਨਹੀਂ.... ਆਕਾਸ਼ ਦੇ ਨਾਥ, ਮੈਨੂੰ ਸ਼ਕਤੀ ਦੇਹ!

ਨਾਟਯਸ਼ਾਸਤਰ ਵਿਚ ਸਵਗਤਕਥਨ ਬਾਰੇ ਲਿਖਿਆ ਮਿਲਦਾ ਹੈ। ਮਨ ਦਾ ਭਾਵ ਹੀ ਆਤਮਗਤ ਜਾਂ ਸਵਗਤ ਹੁੰਦਾ ਹੈ। ਪਾਤਰ ਜਿਆਦਾ ਰੋਸ, ਸ਼ੋਕ, ਰਾਗ, ਦ੍ਵੇਸ਼, ਭੈ, ਵਿਸਮਾਦ ਅਤੇ ਦੁੱਖ ਦੀ ਸਥਿਤੀ ਵਿਚ ਪਾਤਰ ਕਦੇਂ ਆਪਣੇ ਮਨ ਭਾਵ ਇੱਕਲਿਆ ਪ੍ਰਗਟ ਕਰਨ ਲਗਦਾ ਹੈ ਤਾਂ ਆਤਮਗਤ ਜਾਂ ਸਵਗਤ ਨਾਮਕ ਅਭਿਨੈ ਸ਼ਿਲਪ ਦੀ ਯੋਜਨਾ ਹੁੰਦੀ ਹੈ। ਇਸ ਦੀ ਇੱਕ ਉਦਾਹਰਣ ਦੇਖੀ ਜਾ ਸਕਦੀ ਹੈ:

ਜਨਮੇਜਾ: ਕਦ ਆਏਗਾ ਉਹ ਪਲ? ਮੈਂ ਉਡੀਕ ਰਹਾਂਗਾ .... ਪਰ ਉਹ ਪਲ ਆਏਗਾ ਕਦ?... ਕਦ ਆਏਗਾ ਉਹ ਪਲ?

ਮਿਥਿਹਾਸਕ ਪਾਤਰਾਂ ਦੇ ਨਾਲ 'ਚੂਹੇ' ਅਤੇ 'ਪੰਛੀ-ਮਨੁੱਖ' ਨਾਮਕ ਕਾਲਪਨਿਕ ਪਾਤਰਾਂ ਦੀ ਯੋਜਨਾ ਕੀਤੀ ਗਈ ਹੈ। ਚੂਹਾ ਇਤਿਹਾਸ

(8)

ਦਾ ਪ੍ਰਤੀਕ ਹੈ ਤੇ ਰੇਖਾ- ਸ਼ੋਸ਼ਣ ਬਾਰੇ ਨਾਟ- ਆਰੰਭ ਵਿੱਚ ਸੂਤਰਧਾਰ ਨਾਲ ਸੰਵਾਦ ਰਚਾਇਆ ਹੈ। 'ਪੰਛੀ- ਮਨੁੱਖ' ਦਾ ਕਿਰਦਾਰ ਮਨੁੱਖ ਦੇ ਮਨ ਤੇ ਸਿੱਧਾ ਵਾਲੇ ਵਿਚਾਰੇ ਪਾਗਲੇ ਕਸਮਾਂ ਤੇ ਹੀ ਨਿਰਭਰ ਕਰਦੀ ਹੈ।

ਇਸ ਪਾਤਰ ਰਾਹੀਂ ਨਾਟਕਕਾਰ ਉਸ 'ਨਰ- ਸੰਗਾਰ' ਨੂੰ ਇਨਵੈਸਟੀਗੇਸ਼ਨ ਕਰਦਾ ਹੈ ਜੋ ਸੱਤਾ ਜਾਂ ਸੱਤਾਧਾਰੀਆਂ ਦੁਆਰਾ ਆਪਣੀ ਸੀਮਾ, ਸਥਾਪਤੀ, ਵਿਸਥਾਰ ਅਤੇ ਸੁਰਖਿਆ ਦੇ ਪ੍ਰਚਾਰ ਪ੍ਰਸਾਰ ਲਈ ਕੀਤੇ ਲੋਕਨਾਸ਼ਕ ਜੰਗਾਂ ਵਿੱਚ ਕੀਤਾ ਜਾਂਦਾ ਹੈ। ਇਸ ਸੰਬੰਧ ਵਿੱਚ ਸੰਵਾਦ ਦੇਖੇ ਜਾ ਸਕਦੇ ਹਨ:

ਪੰਛੀ ਮਨੁੱਖ : ਮੈਨੂੰ ਫੀਲ ਆਪ ਬੁਲੰਦੇ
ਸੁਪਨਿਆਂ ਵਿੱਚ ਆ
ਕੀਤਾ ਰੱਤ ਵਗਾਈਏ ਤੇਰੇ ਲਈ
ਤੂੰ ਆ ਕੇ ਵਿਚ ਨਾ!
ਇਹਨੂੰ ਮੋੜ ਨਾ ਸਕਦੇ
ਨਾ ਗਲੇ ਨਾ ਫੇਰ
ਤੇਰਾ ਉੱਤੇ ਸੌਂਤ ਕਿਥੇ
ਰੱਤ ਸਿੰਮੇ ਸੁਸਰੀਰ!

ਜਨਮੇਜਯ : ਮੈਂ ਜੁੱਧ ਨੂੰ ਚੁਣਿਆ.... ਆਪਣੇ ਰਾਜ ਦੇ ਕੁਲ ਦੀ ਸਫਲਤਾ ਲਈ!... ਪਰ ਮੈਂ ਸਾਧਾਰਨ ਮਨੁੱਖ ਨਹੀਂ ਹਾਂ, ਮੈਂ ਹਸਤਿਨਾਪੁਰ ਦਾ ਸਮਰਾਟ ਹਾਂ!... ਤੇ ਸਮਰਾਟ ਹੋਣੋਂ ਮੇਰਾ ਕਰਮ ਕਰਤੱਵ ਆਪਣੇ ਦੇਸ਼ ਨੂੰ ਮਹਾਨ ਤੇ ਵਿਸ਼ਾਲ ਬਣਾਉਣਾ ਹੈ... ਉਸਨੂੰ ਉਹ ਸ਼ਕਤੀ ਤੇ ਗੌਰਵ ਦੇਣਾ, ਜੋ ਉਸਨੂੰ ਹੁਣ ਤੀਕ ਨਹੀਂ ਮਿਲੀ....!

ਇਸ ਵਰਤਾਰੇ ਨੇ ਉਦੋਂ ਤੋਂ ਜਾਰੀ ਰਹਿਣਾ ਜਦੋਂ ਤੱਕ ਮਨੁੱਖਤਾ ਇਹ ਸਮਝਣ ਦੇ ਸਮਰੱਥ ਨਹੀਂ ਹੋਈ ਕਿ ਜੁੱਧ ਨਰ- ਸੰਗਾਰ

ਹੈ ਤੇ ਇਹ ਦ੍ਰਿਸ਼ ਨੂੰ ਹੀ ਖਤਮ ਕਿਹਾ ਹੈ। ਇਸ ਦਾ ਸ਼ਾਂਤੀ, ਇਸ਼ਾਲਤਾ, ਗੌਰਵ ਅਤੇ ਮਹਾਨਤਾ ਨਾਲ ਕੋਈ ਸੰਬੰਧ ਨਹੀਂ ਹੈ।

ਉਪਰੋਕਤ ਚਰਚਾ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਅਜਨੀ ਵੈਦ ਗੁਰੂ ਵਿੱਚ ਭ੍ਰਿਸ਼ਟਾਚਾਰੀ ਸੱਤਾ ਦੀ ਵਿਸ਼ਵਾਸਘਾਤੀ ਰਾਜਨੀਤੀ ਅਤੇ ਮਨੁੱਖੀ ਸੋਸ਼ਣ-ਤੰਤਰ ਦੇ ਪ੍ਰਯੋਜਨ ਨੂੰ ਲੈ ਕੇ ਚਲਦਾ ਹੈ ਪਰ ਸ਼ੈਲੀ- ਸੈਲੀ ਪਾਤਰ ਦੇ ਭਾਵਾਤਮਕ ਪ੍ਰਗਟਾ ਦਾ ਪਾਠ ਪੜ੍ਹਦਾ ਹੋਇਆ ਅੰਤ ਵਿੱਚ ਪੂਰੀ ਤਰ੍ਹਾਂ ਮਨਮੋਹਕ ਦੇ ਨਿੱਘ ਦਾ ਪ੍ਰਵਚਨ ਬਣ ਜਾਂਦਾ ਹੈ। ਇਹ ਵਿਰੁੱਧ ਦ੍ਰਿਸ਼ ਦੀ ਰਾਜਨੀਤੀ ਅਤੇ ਇਨਾਮਸ਼ਾਹੀ ਪੱਖ ਨੂੰ ਹੀ ਪਾਠਕ ਦੇ ਰੂਬਰੂ ਕਰਦੀ ਹੈ।

ਇਸੇ ਲਈ ਇਸ ਨਿਬੰਧ ਵਿਚਰਦਿਆਂ ਹੈ ਕਿ ਇਸ ਨਾਟਕਕਾਰ ਦੇ ਹਰ ਨਾਟਕ ਨੂੰ ਸੰਬੰਧ ਨਿਰਦੇਸ਼ਕ ਸੰਚਾਰਨ ਪੱਖੋਂ ਇਕ ਪਰਤਾਂਤਕ ਨਾਟਕ ਹੈ। ਨਾਟ- ਰੰਗ ਤੱਤਾਂ ਅਤੇ ਜੁਗਤਾਂ ਦੀ ਬਹੁ- ਸੰਤੁਲੀ ਵਰਤੋਂ ਨਾਲ ਇਹ ਰਚਨਾ ਸਾਰਥਕ ਰੂਪ ਦੇ ਨਿਰੋਲ ਪ੍ਰਦਰਸ਼ਨ ਲਈ ਨਾਟਕ ਦੇ ਰੰਗਮੰਚੀ ਰੂਪ ਬਣ ਜਾਂਦੀ ਹੈ।